ਪੰਜਾਬ ਸਰਕਾਰ
ਮਾਲ, ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ
(ਅਸ਼ਟਾਮ ਤੇ ਰਜਿਸਟਰੀ ਸ਼ਾਖਾ)

ਸੇਵਾ ਵਿਖੇ

1. ਪੰਜਾਬ ਰਾਜ ਦੇ ਸਾਰੇ ਮੰਡਲਾਂ ਦੇ ਕਮਿਸ਼ਨਰ।
2. ਪੰਜਾਬ ਰਾਜ ਦੇ ਸਾਰੇ ਡਿਪਟੀ ਕਮਿਸ਼ਨਰ।
3. ਇੰਸਪੈਕਟਰ ਜਨਰਲ ਆਫ ਰਜਿਸਟਰੇਸ਼ਨ, ਪੰਜਾਬ, ਕਪੂਰਥਲਾ ਰੋਡ ਜਲੰਧਰ।
4. ਪੰਜਾਬ ਰਾਜ ਦੇ ਸਾਰੇ ਸਬ-ਡਵੀਜ਼ਨਲ ਮੈਜਿਸਟਰੇਟ।
5. ਪੰਜਾਬ ਰਾਜ ਦੇ ਸਾਰੇ ਜਿਲ੍ਹਾ ਮਾਲ ਅਫਸਰ, ਤਹਿਸੀਲਦਾਰ (ਸਬ-ਰਜਿਸਟਰਾਰ) ਅਤੇ ਨਾਇਬ-ਤਹਿਸੀਲਦਾਰ (ਸੰਯੁਕਤ ਸਬ-ਰਜਿਸਟਰਾਰ)

ਮੀਮੋ ਨੰ: 24/41/17-ਐਸ.ਟੀ.2/3002
ਚੰਡੀਗੜ੍ਹ, ਮਿਤੀ: 30.3.2019

ਵਿਸ਼ਾ:- ਸ਼ਹਿਰੀ ਇਲਾਕਿਆ ਵਿੱਚ ਪ੍ਰਾਪਰਟੀ ਦੀ ਰਜਿਸਟਰੇਸ਼ਨ ਤੇ ਲੱਗਦੀ 3% ਵਾਧੂ ਸਟੈਂਪ ਡਿਊਟੀ (ਸੋਸਲ ਸਕਿਊਰਿਟੀ ਫੰਡ) ਵਸੂਲ ਨਾ ਕਰਨ ਬਾਰੇ।

ਹਵਾਲਾ:- ਇਸ ਵਿਭਾਗ ਦਾ ਪੱਤਰ ਨੰ: 24/41/17-ਐਸ.ਟੀ.2/1075-1275, ਮਿਤੀ 2.2.18

****

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਰਾਹੀਂ ਭਾਰਤੀ ਸਟੈਂਪ ਐਕਟ 1899 ਦੇ ਸ਼ਡਿਊਲ 1-ਬੀ ਅਤੇ ਧਾਰਾ 3-ਸੀ ਨੂੰ ਖਤਮ ਕਰਦੇ ਹੋਏ ਸ਼ਹਿਰੀ ਇਲਾਕਿਆ ਵਿੱਚ ਪ੍ਰਾਪਰਟੀ ਦੀ ਰਜਿਸਟਰੇਸ਼ਨ ਤੇ ਸਟੈਂਪ ਡਿਊਟੀ ਨੋਟੀਫਿਕੇਸ਼ਨ ਨੰ: 30-Leg./2017, dated the 19th December, 2017 ਰਾਹੀਂ ਮਿਤੀ 31.3.2019 ਤੱਕ 3% ਵਾਧੂ ਸਟੈਂਪ ਡਿਊਟੀ ਵਸੂਲ ਨਾ ਕਰਨ ਬਾਰੇ ਫੈਸਲਾ ਲਿਆ ਗਿਆ ਸੀ ਅਤੇ ਇਹ ਸਟੈਂਪ ਡਿਊਟੀ ਮਿਤੀ 1.4.2019 ਤੋਂ ਮੁੜ ਵਸੂਲ ਕੀਤੀ ਜਾਣੀ ਸੀ।

2. ਹੁਣ ਲੋਕ ਸਭਾ ਦੀਆਂ ਚੋਣਾਂ ਹੋਣ ਕਾਰਨ ਰਾਜ ਵਿੱਚ ਮਾਡਲ ਕੋਡ ਆਫ ਕੰਡਕਟ ਲਾਗੂ ਹੈ। ਸਰਕਾਰ ਵਲੋਂ ਫੈਸਲਾ ਲਿਆ ਗਿਆ ਹੈ ਕਿ ਰਾਜ ਦੇ ਸ਼ਹਿਰੀ ਖੇਤਰਾਂ ਵਿੱਚ ਸੋਸਲ ਸਕਿਊਰਿਟੀ ਫੰਡ ਦੇ ਤੌਰ ਤੇ ਵਸੂਲ ਕੀਤੀ ਜਾਂਦੀ 3% ਵਾਧੂ ਸਟੈਂਪ ਡਿਊਟੀ ਹਾਲ ਦੀ ਘੜੀ ਵਸੂਲ ਨਾ ਕੀਤੀ ਜਾਵੇ। ਇਸ ਲਈ ਇਹ ਮਾਮਲਾ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਗਠਿਤ ਸਕਰੀਨਿੰਗ ਕਮੇਟੀ ਵਿੱਚ ਵਿਚਾਰਨ ਉਪਰੰਤ ਲਏ ਗਏ ਫੈਸਲੇ ਅਨੁਸਾਰ ਮਾਮਲਾ ਭਾਰਤ ਚੋਣ ਕਮਿਸ਼ਨ ਦੀ ਪ੍ਰਵਾਨਗੀ ਦੇ ਵਿਚਾਰ ਅਧੀਨ ਹੈ।

3. ਇਸ ਸਮੇਂ ਮਾਡਲ ਕੋਡ ਆਫ ਕੰਡਕਟ ਲਾਗੂ ਹੋਣ ਕਾਰਨ ਭਾਰਤ ਚੋਣ ਕਮਿਸ਼ਨ ਦੀ ਪ੍ਰਵਾਨਗੀ ਲੋੜੀਂਦੀ ਹੈ। ਇਸ ਲਈ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਰਕਾਰ ਵਲੋਂ ਲਏ ਗਏ ਫੈਸਲੇ ਅਨੁਸਾਰ ਅਗਲੇ ਹੁਕਮਾਂ ਤੱਕ 3% ਵਾਧੂ ਸਟੈਂਪ ਡਿਊਟੀ ਵਸੂਲ ਨਾ ਕੀਤੀ ਜਾਵੇ।

30/3/19
ਅਧੀਨ ਸਕੱਤਰ ਮਾਲ।

Scanned by CamScanner